
Airo International Research Journal

ज्ञान-विज्ञान विमुक्तये

Volume XV, ISSN: 2320-3714
April, 2018
Impact Factor 0.75 to 3.19

UGC Approval Number 63012



Airo International Research Journal

Volume XV, ISSN: 2320-3714
April, 2018
Impact Factor 0.75 to 3.19

UGC Approval Number 63012

# ਪੰਜਾਬੀ ਸਭਿਆਚਾਰ ਦੇ ਬਦਲਦੇ ਪ੍ਰਤੀਮਾਨ:- ਦਸ਼ਾ ਅਤੇ ਦਿਸ਼ਾ

ਡਾ ਨਿਰਮਲਾ ਰਾਣੀ

ਅਸਿਸਟੈਂਟ ਪ੍ਰੋਫੈਸਰ (ਪੰਜਾਬੀ)

ਮਹਾਰਾਣਾ ਪ੍ਰਤਾਪ ਪੋਸਟ ਗ੍ਰੈਜੂਏਟ ਕਾਲਜ

ਫਾਰ ਵੂਮੈਨ ਮੰਡੀ ਡੱਬਵਾਲੀ ਜਿਲ੍ਹਾ ਸਿਰਸਾ(ਹਰਿਆਣਾ)

ਮੋਬਾਇਲ ਨੰ 9416644399

Nirmala.nagpal@yahoo.com

**Declaration of Author:** I hereby declare that the content of this research paper has been truly made by me including the title of the research paper/research article, and no serial sequence of any sentence has been copied through internet or any other source except references or some unavoidable essential or technical terms. In case of finding any patent or copy right content of any source or other author in my paper/article, I shall always be responsible for further clarification or any legal issues. For sole right content of different author or different source, which was unintentionally or intentionally used in this research paper shall immediately be removed from this journal and I shall be accountable for any further legal issues, and there will be no responsibility of Journal in any matter. If anyone has some issue related to the content of this research paper's copied or plagiarism content he/she may contact on my above mentioned email ID.

ਸਮਾਜ ਦੀ ਸਿਰਜਨਾ ਮਨੁੱਖਾਂ ਦੁਆਰਾ ਹੁੰਦੀ ਹੈ ਅਤੇ ਇਹਨਾਂ ਦੇ ਆਪਸੀ ਰਿਸ਼ਤਿਆਂ ਕਾਰਨ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ। ਭਾਰਤੀ ਸਮਾਜ ਬਹੁ - ਪਰਤੀ ਤੇ ਬਹੁਭਾਂਤੀ ਸਮਾਜ ਹੈ ਜਿਸਦਾ ਦਾਇਰਾ ਬਹੁਤ ਵਿਸ਼ਾਲ ਹੈ ਅਤੇ ਇਸਦੇ ਵੱਖ - ਵੱਖ ਵਰਤਾਰੇ ਇਸਦੇ ਸਭਿਆਚਾਰ ਨੂੰ ਜਨਮ ਦਿੰਦੇ ਹਨ। ਜਦੋਂ ਤੋਂ ਮਨੁੱਖ ਨੇ ਧਰਤੀ ਤੇ ਜਨਮ ਲਿਆ ਹੈ ਅਤੇ ਉਸਨੇ ਸਮਾਜਿਕ ਤੇ ਸਭਿਆਚਾਰ ਜੀਵਨ ਜਿਉਣਾ ਸ਼ੁਰੂ ਕੀਤਾ ਹੈ ਉਦੋਂ ਤੋਂ ਹੀ ਸਮਾਜ ਅਤੇ ਸਭਿਆਚਾਰ ਵਿੱਚ ਨਿਰੰਤਰ ਪਰਿਵਰਤਨ ਗਤੀਸ਼ੀਲ ਹਨ। ਹਰ ਸਮਾਜ ਅਤੇ ਸਭਿਆਚਾਰ ਦੇ ਪਿੱਛੇ ਕੋਈ ਨਾ ਕੋਈ ਮਿੱਥ ਹੁੰਦੀ ਹੈ ਜੋ ਇਸ ਵਿਚਲੇ ਆਦਰਸ਼ਾ ਨੂੰ ਸਿਰਜਣ ਦਾ ਕਾਰਜ ਕਰਦੀ ਹੈ।ਸਭਿਆਚਾਰ ਇਕ ਬਹੁਤ ਹੀ ਜਟਿਲ, ਗੁੰਝਲਦਾਰ ਅਤੇ ਪਰਿਵਰਤਨਸ਼ੀਲ ਵਰਤਾਰਾ ਹੈ। ਇਸ ਦਾ ਸਬੰਧ ਮਨੁੱਖ ਦੇ ਕਾਰ ਵਿਹਾਰ ਅਤੇ ਜਿੰਦਗੀ ਨਾਲ ਹੈ। ਮਨੁੱਖ ਇਕ ਸਮਾਜਿਕ ਜੀਵ ਹੈ, ਉਹ ਸਮਾਜ ਵਿੱਚ ਰਹਿੰਦੇ ਹੋਏ ਸਮਾਜ ਰਾਹੀਂ ਆਪਣੀਆਂ ਸਰੀਰਕ, ਮਾਨਸਿਕ, ਆਰਥਿਕ, ਰਾਜਨੀਤਕ ਅਤੇ ਸਮਾਜਿਕ ਲੋੜਾਂ ਦੀ ਪੂਰਤੀ ਕਰਦਾ ਹੈ। ਮਨੁੱਖ ਦੀਆਂ ਇਹ ਲੋੜਾਂ ਸਰਵਵਿਆਪਕ ਹਨ, ਇਸ ਲਈ ਸਭਿਆਚਾਰ ਵੀ ਇਕ ਸਰਵਵਿਆਪਕ ਵਰਤਾਰਾ ਹੈ। ਜਿਵੇਂ - ਜਿਵੇਂ ਲੋੜਾਂ ਵਿੱਚ ਪਰਿਵਰਤਨ ਹੁੰਦਾ ਰਹਿੰਦਾ ਹੈ ਤਿਵੇਂ-ਤਿਵੇਂ ਸਮਾਜ ਅਤੇ ਸਭਿਆਚਾਰ ਵਿਚ ਵੀ ਪਰਿਵਰਤਨ ਹੁੰਦਾ ਰਹਿੰਦਾ ਹੈ। ਪਰੰਤੂ ਸਭਿਆਚਾਰ ਨੂੰ ਕੇਵਲ ਮਨੁੱਖੀ ਲੋੜਾਂ ਤੱਕ ਸੀਮਿਤ ਕਰ ਦੇਣਾ ਹੀ ਉਚਿਤ ਨਹੀਂ ਹੈ।

ਸਭਿਆਚਾਰ ਅਸਲ ਵਿੱਚ ਖੁਦ ਮਨੁੱਖ ਦੁਆਰਾ ਹੀ ਆਪਣੇ ਆਲੇ ਦੁਆਲੇ ਦੇ ਵਾਤਾਵਰਣ ਵਿੱਚ ਸਿਰਜਿਤ ਹੋਇਆ ਹੈ। ਮਨੁੱਖ ਦੀ ਹਰ ਇਕ ਸਿਰਜਨਾ ਸਭਿਆਚਾਰ ਦਾ ਅੰਗ ਹੈ। ਇਹ ਕੁਦਰਤ ਜਾਂ ਪ੍ਰਕ੍ਰਿਤੀ ਤੋਂ ਬਿਲਕੁਲ ਵੱਖਰਾ ਹੈ। ਅਸਲ ਵਿੱਚ ਸਭਿਆਚਾਰ ਦੀ ਸਥਾਪਨਾ ਸਮਾਜ ਦੇ ਸਮੂਹਿਕ ਯਤਨਾਂ

ਦਾ ਸਿੱਟਾ ਹੈ। ਮਨੁੱਖ ਜਾਤੀ ਦੀ ਹਰ ਪੀੜ੍ਹੀ ਆਪਣੀ ਪਿਛਲੀ ਪੀੜ੍ਹੀ ਤੋਂ ਜੀਵਨ ਜਾਚ ਅਤੇ ਕਦਰਾਂ ਕੀਮਤਾਂ ਗ੍ਰਹਿਣ ਕਰਦੀ ਹੈ। ਇਹ ਕਦਰਾਂ ਕੀਮਤਾਂ ਅਤੇ ਜੀਵਨ ਜਾਚ ਸਭਿਆਚਾਰ ਦਾ ਇਕ ਅੰਗ ਹਨ। ਸਭਿਆਚਾਰ ਪ੍ਰਾਪਤੀ ਦਾ ਵਾਧਾ ਘਾਟਾ ਪੀੜ੍ਹੀ ਦਰ ਪੀੜ੍ਹੀ ਸਭਿਆਚਾਰਕ ਵਿਰਸੇ ਦੇ ਰੂਪ ਵਿੱਚ ਅੱਗੇ ਵੱਧਦਾ ਰਹਿੰਦਾ ਹੈ। ਇਸ ਤਰ੍ਹਾਂ ਸਭਿਆਚਾਰਕ ਵਿਰਸੇ ਦੀ ਜੀਵਨ ਜਾਚਜੋ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਨੂੰ ਵਿਰਸੇ ਵਿੱਚ ਮਿਲਦੀ ਹੈ, ਉਹ ਸਭਿਆਚਾਰਕ ਵਿਰਸਾ ਅਖਵਾਉਂਦੀ ਹੈ। ਉਪਰੋਕਤ ਸਰੂਪ ਕਰਕੇ ਇਸ ਨੂੰ ਸੀਮਿਤ ਸ਼ਬਦਾਂ ਵਿੱਚ ਪਰਿਭਾਸ਼ਿਤ ਕਰਨਾ ਇਕ ਜਟਿਲ ਕਾਰਜ ਹੈ। ਡਾ. ਜਸਬੀਰ ਸਿੰਘ ਅਨੁਸਾਰ ‘‘ਸਭਿਆਚਾਰ ਇਕ ਬਹੁਤ ਵਿਸ਼ਾਲ, ਬਹੁਪਰਤੀ, ਬਹੁਪਸਾਰੀ, ਬਹੁਅਨੁਸ਼ਾਸ਼ਨੀ, ਅਸਥਿਰ, ਗਤੀਸ਼ੀਲ ਅਤੇ ਪਰਿਵਰਤਨਸ਼ੀਲ ਵਰਤਾਰਾ ਹੈ।’’[1]

ਹਰ ਸਮਾਜ ਦੇ ਮਨੁੱਖਾਂ ਦਾ ਆਪਣਾ ਦਾ ਇਕ ਵਿਸ਼ੇਸ਼ ਸਭਿਆਚਾਰ ਹੁੰਦਾ ਹੈ। ਪਹਿਲਾਂ ਸਮਾਜ ਹੋਂਦ ਵਿਚ ਆਉਂਦਾ ਹੈ, ਬਾਅਦ ਵਿੱਚ ਸਭਿਆਚਾਰ ਦਾ ਨਿਰਮਾਣ ਹੁੰਦਾ ਹੈ। ਪੇਂਡੂ ਸਮਾਜ ਪੰਜਾਬੀ ਸਮਾਜ ਦੀ ਇਕ ਵਿਸ਼ੇਸ਼ ਇਕਾਈ ਹੈ ਅਤੇ ਇਸ ਪੇਂਡੂ ਸਮਾਜ ਵਿਚੋਂ ਹੀ ਪੰਜਾਬੀ ਸਭਿਆਚਾਰ ਦੀ ਸਿਰਜਣਾ ਹੋਈ ਹੈ। 20ਵੀਂ ਸਦੀ ਦੇ ਪਿਛਲੇ 2-3 ਦਹਾਕਿਆਂ ਅਤੇ ਵਰਤਮਾਨ ਸਦੀ ਵਿੱਚ ਪੰਜਾਬੀ ਸਭਿਆਚਾਰ ਦੇ ਹਰ ਖੇਤਰ ਵਿੱਚ ਭਾਰੀ ਤਬਦੀਲੀਆਂ ਆ ਗਈਆਂ ਹਨ ਅਤੇ ਆ ਰਹੀਆਂ ਹਨ। ਇਸ ਖੋਜ ਪੱਤਰ ਦਾ ਮੁੱਖ ਮੰਤਵ ਪੰਜਾਬੀ ਸਭਿਆਚਾਰ ਵਿੱਚਲੇ ਪਰਿਵਰਤਨਸ਼ੀਲ ਵਰਤਾਰੇਉਪਰ ਨਜ਼ਰਸਾਨੀ ਕਰਨਾ ਹੈ।ਦੁਨੀਆਂ ਵਿੱਚ ਆਏ ਦਿਨ ਨਵੀਂ ਤੋਂ ਨਵੀਂ ਤਕਨੀਕ ਈਜਾਦ ਹੋ ਰਹੀ ਹੈ। ਮਨੁੱਖ ਨੂੰ ਸਮੇਂ ਦਾ ਹਾਣੀ ਬਣੇ ਰਹਿਣ ਲਈ ਇਨ੍ਹਾਂ ਤਕਨੀਕਾਂ ਦੇ ਨਾਲ ਚਲਣਾ ਜਰੂਰੀ ਹੁੰਦਾ ਹੈ। ਪਰੰਤੂ ਇਹ ਮਨੁੱਖ ਦੇ ਆਪਣੇ ਹੱਥ ਵਿੱਚ ਹੁੰਦਾ ਹੈ ਕਿ ਵਿਗਿਆਨ ਦੀ ਨਵੀਂ ਤਕਨੀਕ ਦਾ ਪ੍ਰਯੋਗ ਕਿਵੇਂ ਕਰਨਾ ਹੈ। ਪੰਜਾਬੀ ਸਭਿਆਚਾਰ ਨੂੰ ਵਿਗਿਆਨਕ ਉਨਤੀ ਨੇ ਹਰ ਤਰਾਂ ਨਾਲ ਪ੍ਰਭਾਵਿਤ ਕੀਤਾ ਹੈ। ਆਧੁਨਿਕ ਪੂੰਜੀਵਾਦੀ, ਪਦਾਰਥਵਾਦੀ ਅਤੇ ਵਿਗਿਆਨਕ ਵਰਤਾਰੇ ਨੇ ਸਮੁੱਚੇ ਪੰਜਾਬੀ ਸਭਿਆਚਾਰ ਭਾਵ ਮਨੁੱਖੀ ਕਦਰਾਂ ਕੀਮਤਾਂ, ਜੀਵਨ ਜਾਚ, ਸੋਚ, ਕਾਰ ਵਿਹਾਰ ਗੱਲ ਕੀ ਮਨੁੱਖ ਨਾਲ ਜੁੜੇ ਹਰ ਕਿਸਮ ਦੇ ਵਰਤਾਰੇ’ਤੇ ਵਿਆਪਕ ਅਸਰ ਪਾਇਆ ਹੈ। ‘‘ਜਿਥੇ ਨਵੀਂ ਤਕਨਾਲੋਜੀ ਸਾਨੂੰ ਮਨੁੱਖੀ ਸਮਾਜ ਅਤੇ ਸਭਿਆਚਾਰ ਨੂੰ ਸਮਝਣ ਦਾ ਨਵਾਂਗਿਆਨ ਪ੍ਰਦਾਨ ਕਰਦੀ ਹੈ, ਉਥੇ ਇਸਨੇ ਮਨੁੱਖ ਦੇ ਸਮੁੱਚੇ ਪ੍ਰਕਾਰਜਾਂ ਨੂੰ ਇਕ ਵੱਡੀ ਠੇਸ ਪਹੁੰਚਾਈ ਹੈ। ਇਸ ਤਰਾਂ ਪਰਿਵਰਤਨਸ਼ੀਲ ਹਾਲਤਾਂ ਵਿੱਚ ਵਿਗਿਆਨ ਨੇ ਮਨੁੱਖ ਨੂੰ ਇਕ ਮਸ਼ੀਨ ਤੱਕ ਸੀਮਿਤ ਕਰ ਦਿੱਤਾ ਹੈ।’’[2]

ਭਾਰਤ ਵਿੱਚ ਉਤਰ-ਆਧੁਨਿਕਵਾਦੀ ਦੌਰ ਦੇ ਨਵੇਂ ਸੰਕਲਪਾਂ ਵਿਸ਼ਵੀਕਰਣ, ਵਪਾਰੀਕਰਣ, ਮੰਡੀਕਰਣ, ਪਦਾਰਥਵਾਦ ਅਤੇ ਖੱਪਤੀ ਸਭਿਆਚਾਰ ਨੇ ਪੰਜਾਬੀ ਸਭਿਆਚਾਰ ਦੇ ਤਾਣੇ-ਬਾਣੇ ਵਿੱਚ ਵੀ ਵਿਆਪਕ ਤਬਦੀਲੀਆਂ ਲਿਆਂਦੀਆਂ ਹਨ। ਇਸੇ ਕਾਰਨ ਵਿਦੇਸ਼ੀ ਚਮਕ-ਦਮਕ ਪੰਜਾਬੀ ਸਭਿਆਚਰ ਉਪਰ ਭਾਰੂ ਹੁੰਦੀ ਜਾ ਰਹੀ ਹੈ। ਵਿਦੇਸ਼ ਵੱਸਣ ਦੀ ਦੌੜ ਵਿੱਚ ਪੰਜਾਬੀ ਜੱਦੀ ਜਮੀਨਾਂ ਜਾਇਦਾਦਾਂ ਵੇਚ ਕੇ, ਕਈ ਵਾਰੀ ਧੋਖੇਬਾਜ ਏਜੰਟਾਂ ਦਾ ਸ਼ਿਕਾਰ ਹੋ ਜਾਂਦੇ ਹਨ। ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀਆਂ ਨੂੰ ਨਾਂ ਪਸੰਦ ਦਾ ਕੰਮ ਕਰਨ ਤੋਂ ਵੀ ਗੁਰੇਜ਼ ਨਹੀਂ ਹੁੰਦਾ। ਅਕਸਰ ਵਿਦੇਸ਼ੀ ਵਸਣ ਦੀ ਲਾਲਸਾ ਵਿੱਚ ਖ਼ੂਨ ਦੇ ਰਿਸ਼ਤਿਆਂ

ਦਾ ਘਾਣ ਕੀਤਾ ਜਾਂਦਾ ਹੈ। ਪੰਜਾਬੀ ਵਿਦੇਸ਼ਾਂ ਦੀ ਅਸਭਿਅਕ ਜਿੰਦਗੀ ਅਖਿਤਆਰ ਕਰਦੇ ਕਰਦੇ ਆਪਣਾ ਅਮੀਰ ਸਭਿਆਚਾਰਕ ਵਿਰਸਾ ਭੁਲਦੇ ਜਾ ਰਹੇ ਹਨ।ਮਨੁੱਖ ਇੱਕ ਚੇਤੰਨ ਅਤੇ ਸੰਵੇਦਨਸ਼ੀਲ ਪ੍ਰਾਣੀ ਹੈ। ਉਹ ਆਪਣੀ ਸਾਰੀ ਚੇਤੰਨਤਾ ਪਦਾਰਥਵਾਦੀ ਹਿੱਤਾਂ ਉੱਪਰ ਇਕਾਗਰ ਕਰ ਰਿਹਾ ਹੈ।ਵਰਤਮਾਨ ਯੁੱਗ ਵਿੱਚ ਉਹ ਪੁਰਾਣਾ ਖੁੱਲਾ ਡੁਲਾ ਹਾਸਾ-ਠੱਠਾ ਅਲੋਪ ਹੋ ਰਿਹਾ ਹੈ। ਮਨੁੱਖ ਮਾਨਸਿਕ ਦਵੰਦ ਦਾ ਸ਼ਿਕਾਰ ਹੁੰਦਾ ਜਾ ਰਿਹਾ ਹੈ। ਉਸ ਦੀ ਆਤਮਿਕ ਸ਼ਾਂਤੀ ਅਲੋਪ ਹੁੰਦੀ ਜਾ ਰਹੀ ਹੈ। ਉਪਭੋਗਤਾਵਾਦੀ ਸਮਾਜ ਵਿੱਚ ਧਨ ਕਮਾਉਣ ਦੀ ਹੋੜ ਲੱਗ ਜਾਂਦੀ ਹੈ। ਪਰੰਤੂ ਧਨ ਕੁਝ ਕੁ ਲੋਕਾਂ ਦੇ ਹੱਥਾ ਵਿੱਚ ਕੇਂਦਰਿਤ ਹੋ ਜਾਂਦਾ ਹੈ ਅਤੇ ਅਜਿਹੇ ਹਾਲਤਾਂ ਵਿੱਚ ਮਾਨਸਿਕ-ਆਤਮਿਕ ਸੁੱਖ ਦੀ ਉਮੀਦ ਨਹੀਂ ਕੀਤੀ ਜਾ ਸਕਦੀ। ਫਿਰਕਾਪ੍ਰਸਤੀ, ਜਾਤੀਵਾਦ, ਰਾਜਨੀਤੀਕਰਨ, ਭ੍ਰਿਸ਼ਟਾਚਾਰ, ਨਿਮਨ ਵਰਗ ਦੀ ਮਾੜੀ ਆਰਥਿਕ ਸਥਿਤੀ, ਉੱਚ ਅਤੇ ਮੱਧ ਵਰਗ ਦੀ ਪਦਾਰਥਵਾਦੀ ਸੋਚ ਨੇ ਅਸੰਤੁਸ਼ਟਤਾ, ਅਸਥਿਰਤਾ ਅਤੇ ਅਤ੍ਰਿਪਤੀ ਵਰਗੀਆਂ ਸਭਿਆਚਾਰਕ ਕਦਰਾਂ ਕੀਮਤਾਂ ਨੂੰ ਜਨਮ ਦਿੱਤਾ ਹੈ।“ਇਸ ਯੁੱਗ ਨੇ ਮਨੁੱਖ ਨੂੰ ਨਿਸ਼ਚਿਤਤਾ/ਅਨਿਸਚਿਤਤਾ, ਦੇਹ ਅਤੇ ਵਿਚਾਰ, ਕੌਮ ਅਤੇ ਕੌਮੀਅਤਾਂ, ਕਿਰਿਆਸ਼ੀਲ, ਜਮਹੂਰੀਅਤ ਬਨਾਮ ਪ੍ਰਤਿਨਿਧ ਜਮਹੂਰੀਅਤ, ਅਸਲ/ਨਕਲ,ਵਿਗਿਆਨ/ਕੁਦਰਤ, ਵਿਸ਼ਵੀਕਰਨ-ਸਥਾਨੀਕਰਨ ਆਦਿ ਪ੍ਰਵਰਗਾਂ ਦੇ ਜਾਲ ਵਿੱਚ ਉਲਝਾ ਦਿੱਤਾ ਹੈ।”[3]

ਕੋਈ ਸਮਾਂ ਸੀ ਜਦੋਂ ਪੰਜਾਬੀ ਸਭਿਆਚਾਰ ਖੁਲੇ-ਡੁਲੇ ਹਾਸਿਆਂ, ਅਮਨਚੈਨ, ਮਹੁੱਬਤੀ ਸਾਂਝ ਅਤੇ ਖੁਲਾਂ ਦਾ ਧਾਰਨੀ ਸੀ। ਲੋਕਾਂ ਵਿੱਚ ਸਦਭਾਵਨਾ ਅਤੇ ਭਾਈਚਾਰੇ ਦਾ ਬੋਲਬਾਲਾ ਸੀ। ਪਦਾਰਥਵਾਦੀ ਸੋਚ ਅਤੇ ਮਹਿੰਗਾਈ ਨੇ ਆਮ ਆਦਮੀ ਦੀ ਕਮਰ ਤੋੜ ਦਿੱਤੀ ਹੈ। ਆਮ ਆਦਮੀ ਲਈ ਬੱਚਿਆਂ ਦੀ ਪੜ੍ਹਾਈ, ਪਰਿਵਾਰ ਦਾ ਖਾਣ-ਪੀਣ, ਕੱਪੜਾ-ਲੀੜਾ, ਰਿਸ਼ਤੇਦਾਰੀਆਂ ਅਤੇ ਸਕੇ ਸਬੰਧੀਆਂ ਨਾਲ ਉਪਚਾਰਿਕਾ ਨਿਭਾਉਣਾ ਬਹੁਤ ਭਾਰੀ ਪੈ ਰਿਹਾ ਹੈ ਸੋ ਅਜਿਹੀ ਸਥਿਤੀ ਵਿੱਚ ਜੀਵਨ ਜਾਚ ਅਤੇ ਮਨੁੱਖੀ-ਕਦਰਾਂ ਕੀਮਤਾਂ ਥਿੜਕ ਗਈਆਂ ਹਨ। ਖੇਤੀਬਾੜੀ ਪੰਜਾਬ ਦੀ ਆਰਥਿਕਤਾ ਦਾ ਕੇਂਦਰ ਬਿੰਦੂ ਹੈ।ਅਬਾਦੀ ਦੇ ਵਾਧੇ, ਪੀੜ੍ਹੀ ਦਰ ਪੀੜ੍ਹੀ ਜਮੀਨ ਦੀ ਵੰਡ ਅਤੇ ਦਿਖਾਵਾ ਪ੍ਰਵਿਰਤੀ ਕਾਰਨ ਅੱਜ ਦਾ ਕਿਸਾਨ ਆਰਥਿਕ ਸੰਕਟ ਨਾਲ ਜੂਝ ਰਿਹਾ ਹੈ। ਰੋਜ ਮਰਾ ਦੀਆਂ ਲੋੜਾਂ ਪੂਰੀਆਂ ਕਰਨ ਅਸਮਰੱਥ ਕਿਸਾਨੀ ਦਿਨ ਪ੍ਰਤੀ ਦਿਨ ਕਰਜੇ ਅਤੇ ਨਸ਼ਿਆਂ ਦੀ ਗਿਰਫਤ ਵਿੱਚ ਫਸ ਰਹੀ ਹੈ।ਇਹੋ ਸਮੱਸਿਆ ਪੰਜਾਬ ਦੇ ਕਿਸਾਨ ਨੂੰ ਖੁਦਕਸੀਆਂ ਵੱਲ ਧਕੇਲ ਰਹੀ ਹੈ।“ਦਿਖਾਵੇ ਦੀ ਖਬਤ ਕਾਰਨ ਲੋਕਾਂ ਨੇ ਮਾਰੂ ਨੀਤੀਆਂ ਆਪਣਾ ਲਈਆਂ ਹਨ ਜੋ ਸਮਾਜ ਲਈ ਨੁਕਸਾਨਦਾਇਕ ਸਿੱਧ ਹੋ ਰਹੀਆਂ ਹਨ। ਅੱਜ ਕੁੱਝ ਪੰਜਾਬੀਆਂ ਨੇ ਹਥਿਆਰਾਂ ਤੇ ਵੱਡੀਆਂ ਕਾਰਾਂ ਨੂੰ ਅਪਣਾ ਮੁੱਖ ਸ਼ੌਕ ਬਣਾ ਲਿਆ ਹੈ।ਜਿਆਦਾ ਲੋਕ ਆਪਣੇ ਆਪ ਨੂੰ ਪਾਟੇ ਖਾਂ ਸਮਝਦੇ ਹਨ, ਹਥਿਆਰਾ ਦੀ ਦੌੜ, ਖੁਸ਼ੀ ਮੌਕੇ ਫਾਇਰਿੰਗ, ਧੂਮਧੜੱਕੇ ਵਾਲਾ ਠਾਕਾ, ਵਿਆਹਾਂ ਉੱਪਰ ਵਿੱਤੋਂ ਬਾਹਰ ਖਰਚ, ਮਹਿੰਗੇ ਸੱਦਾ ਪੱਤਰ ਮਹਿੰਗੇ ਮੈਰਿਜ ਪੈਲੇਸ, ਚਾਰ ਪੰਜ ਘੰਟਿਆਂ ਦੇ ਵਿਆਹ ਵਿੱਚ ਉਮਰ ਭਰ ਜੋੜੀ ਕਮਾਈ ਨੂੰ ਰੂੰ ਦੇ ਫੰਬਿਆਂ ਵਾਂਗ ਉੱਡਾ ਦਿੱਤਾ ਜਾਂਦਾ ਹੈ।ਸਿਰਫ਼ ਲੋਕਾਂ ਤੋਂ ਵਾਹ-ਵਾਹ ਕਰਵਾਉਣ ਦੀ ਲਾਲਸਾ ਵਿੱਚ ਲੋਕ ਕਰਜਾਈ ਹੋ ਜਾਂਦੇ ਹਨ।ਨੱਕ ਰੱਖਣ ਲਈ ਕੀਤੇ ਉਜਾੜੇ ਕਾਰਨ ਸਾਰੀ ਉਮਰ ਪ੍ਰੇਸ਼ਾਨੀ ਤੇ ਪਛਤਾਉਂਦੇ ਰਹਿੰਦੇ ਸਨ।ਕੁੜੀ ਦੇ ਵਿਆਹ ਕੇ ਖੂਹ ਵਿੱਚ ਇੱਟ ਸੁੱਟਣੀ ਦੇ ਸੰਕਲਪ ਦੇ

ਧਾਰਨੀ ਬਣ ਕੇ ਦਿਖਾਵੇਬਾਜੀ ਲਈ ਤਰਲੋ ਮੱਛੀ ਹੁੰਦੇ ਰਹਿੰਦੇ ਹਨ ਤੇ ਸੌ ਸੌ ਤਰ੍ਹਾਂ ਦੇ ਪਾਪੜ ਵੇਲਦੇ ਹਨ। ਲੋਕ ਆਪਣੇ ਤੋਂ ਉੱਪਰ ਵਾਲੇ ਤਬਕੇ ਦੀ ਨਕਲ ਕਰਦੇ ਸਨ।ਇਸ ਦਿਖਾਵੇ ਦੀ ਪੂਰਤੀ ਲਈ ਜਮੀਨ, ਜਾਇਦਾਦ ਵੇਚਣ ਤੋਂ ਵੀ ਨਹੀਂ ਝਿਜਕਦੇ। ਦਿਖਾਵੇਅਤੇ ਸੁੱਖ ਦੀਆਂ ਸਹੂਲਤਾਂ ਦੀ ਪ੍ਰਾਪਤੀ ਲਈ ਦੌੜਨਾ ਅੱਜ ਪੰਜਾਬੀ ਮਨੁੱਖ ਦਾ ਸੁਭਾਵਿਕ ਸੁਭਾਅ ਬਣ ਗਿਆ ਹੈ।"[4]

ਵਰਤਮਾਨ ਸਦੀ ਵਿੱਚ ਤਕਨੀਕੀ ਦੇ ਖੇਤਰ ਵਿੱਚ ਹੈਰਾਨੀਜਨਕ ਉੱਨਤੀ ਹੋਈ ਹੈ।ਵਿਗਿਆਨ ਨੇ ਹਰ ਖੇਤਰ ਵਿੱਚ ਇੰਨੀ ਤਰੱਕੀ ਕਰ ਲਈ ਹੈ ਕਿ ਇਸ ਦਾ ਅੰਦਾਜਾ ਲਗਾਉਣਾ ਮੁਸ਼ਕਲ ਹੀ ਨਹੀਂ ਸਗੋਂ ਅਸੰਭਵ ਹੈ। ਸੰਚਾਰ ਸਾਧਨਾਂ ਦੀ ਤੱਰਕੀ ਨੇ ਪੰਜਾਬੀ ਸਭਿਆਚਾਰ ਨੂੰ ਬਹੁਤ ਪ੍ਰਭਾਵਿਤ ਕੀਤਾ ਹੈ। ਇੰਟਰਨੈਟ ਨੇ ਸਾਰੀ ਦੁਨੀਆਂ ਇਕ ਮੁੱਠੀ ਵਿੱਚ ਕਰ ਦਿੱਤੀ ਹੈ। ਇਸ ਸਭ ਦੇ ਬਾਵਜੂਦ ਵੀ ਸਚਾਈ ਇਹ ਹੈ ਕਿ ਅੱਜ ਵੀ ਪੰਜਾਬੀਆਂ ਦੀ ਬਹੁ ਗਿਣਤੀ ਅੰਧਵਿਸ਼ਵਾਸਾਂ ਦੀ ਧਾਰਨੀ ਹੈ। ਜੇਕਰ ਪੰਜਾਬ ਦੇ ਪਿੰਡਾਂ ਜਾਂ ਸ਼ਹਿਰਾਂ ਵਿੱਚ ਫੈਲੇ ਅੰਧਵਿਸ਼ਵਾਸਾਂ ਦੀ ਘੋਖ ਕਰੀਏ ਤਾਂ ਜੋ ਸੱਚ ਸਾਹਮਣੇ ਆਉਂਦਾ ਹੈਉਸ ਤੋਂ ਬੁਧੀਜੀਵੀਆਂ ਸਾਹਮਣੇ ਹਾਸੋ ਹੀਣੀ ਸਥਿਤੀ ਪੈਦਾ ਹੋ ਜਾਂਦੀ ਹੈ। ਭੋਲੀ ਭਾਲੀ ਜਨਤਾ ਅੱਖਾਂ ਬੰਦ ਕਰਕੇ ਅਖੌਤੀ ਸਾਧਾਂ ਸੰਤਾਂ ਦੇ ਫੈਲਾਏ ਭਰਮਾਂ ਭੁਲੇਖਿਆਂ ਵਿੱਚ ਫਸੀ ਜਾਂਦੀ ਹੈ। ਵਰਤਮਾਨ ਯੁਗ ਵਿੱਚ ਮੀਡੀਆ ਨੇ ਬਹੁਤ ਤਰੱਕੀ ਕਰ ਲਈ ਪਰੰਤੂ ਅੰਧਵਿਸ਼ਵਾਸਾਂ ਨੂੰ ਫੈਲਾਉਣ ਵਿੱਚ ਸੰਚਾਰ ਸਾਧਨਾ ਦਾ ਵੀ ਵੱਡਾ ਯੋਗਦਾਨ ਹੈ।ਟੈਲੀਵਿਜ਼ਨਤੇ ਜੰਤਰਾਂ-ਮੰਤਰਾਂ ਅਤੇ ਤਾਂਤਰਿਕਾਂ ਦੇ ਇਸ਼ਿਤਿਹਾਰ ਆਮ ਵੇਖੇ ਜਾ ਸਕਦੇ ਹਨ।ਅਣਪੜ੍ਹਤਾ ਅਤੇ ਗਰੀਬੀ ਨੇ ਮੁੱਢ ਕਦੀਮ ਤੋ ਹੀ ਪੰਜਾਬੀ ਸਭਿਆਚਾਰ ਨੂੰ ਖੋਰਾ ਲਾਇਆ ਹੈ।ਅਸਲ ਵਿੱਚ ਅਣਪੜ੍ਹ ਅਤੇ ਪੜ੍ਹੀਲਿਖੀ ਜਨਤਾ ਆਪਣੀਆਂ ਮੁਸ਼ਕਲਾਂ ਦਾ ਹੱਲ ਵਿਗਿਆਨਕ ਤਰੀਕੇ ਜਾਂ ਮਿਹਨਤ ਮੁਸ਼ੱਕਤ ਨਾਲ ਕਰਨ ਦੀ ਬਜਾਏ ਸਾਧਾਂ ਸੰਤਾਂ ਅਤੇ ਅਖੌਤੀ ਬਾਬਿਆਂ ਦੇ ਦਰਬਾਰ ਤੋਂ ਕਰਵਾਉਣਾ ਚਾਹੁੰਦੀ ਹੈ। ਇਹ ਬਾਬੇ ਅੰਧਵਿਸ਼ਵਾਸਾਂ ਦੇ ਮਕੜ ਜਾਲ ਵਿੱਚ ਫਸਾ ਕੇ ਆਪਣੀਆਂ ਜੇਬਾਂ ਗਰਮ ਕਰਦੇ ਹਨ। ਸਭਿਆਚਾਰਕ ਵਿਵਹਾਰ ਕੋਈ ਜਨਮ ਜਾਤ ਨਹੀਂ ਹੈ ਸਗੋਂ ਸਿੱਖੇ ਜਾਣ ਵਾਲੀ ਧਾਰਨਾ ਹੈ ਸੋ ਲੋੜ ਹੈ ਅਜਿਹੇ ਧਰਮ ਕਰਮ ਤੋਂ ਦੂਰ ਰਹਿਣ ਦੀ ਜਿਥੇ ਕੇਵਲ ਅੰਧਵਿਸਵਾਸ਼ਾਂ ਦਾ ਬੋਲਬਾਲਾ ਹੈ।

ਮਸ਼ੀਨੀਕਰਨ, ਉਦਯੋਗੀਕਰਨ ਅਤੇ ਸ਼ਹਿਰੀਕਰਨ ਨੇ ਪੰਜਾਬੀ ਸਭਿਆਚਾਰ ਨੂੰ ਪਦਾਰਥਵਾਦੀ ਸੋਚ ਦਾ ਧਾਰਨੀ ਬਣਾ ਦਿੱਤਾ ਹੈ। ਪੰਜਾਬੀ ਸਮਾਜ ਵਿਸ਼ਵੀਕਰਣ ਦੇ ਚੱਕਰ ਵਿੱਚ ਉਲਝ ਗਿਆ ਹੈ। ਜਿਸ ਕਾਰਨ ਮਨੁੱਖੀ ਰਿਸ਼ਤੇ ਸੰਕਟ ਵਿੱਚ ਪੈ ਗਏ ਹਨ। ਪੱਛਮੀ ਪ੍ਰਭਾਵ ਨੇ ਸੰਯੁਕਤ ਪਰਿਵਾਰ ਪ੍ਰਣਾਲੀ ਨੂੰ ਕਾਫੀ ਠੇਸ ਪਹੁੰਚਾਈ ਹੈ। ਇਕੋ ਪਰਿਵਾਰ ਵਿੱਚ ਰਹਿਣ ਵਰਗੀਆਂ ਕਦਰਾਂ-ਕੀਮਤਾਂ ਖਤਮ ਹੁੰਦੀਆਂ ਜਾ ਰਹੀਆਂ ਹਨ। ਸਮਾਜ ਵਿੱਚ ਰਹਿੰਦਿਆਂ ਆਪਸੀ ਅਦਾਨ ਪ੍ਰਦਾਨ ਸਮੇਂ ਮਨੁੱਖਾਂ ਦੀ ਮਾਨਸਿਕਤਾ ਵੀ ਮਾਨਵੀ ਰਿਸ਼ਤਿਆਂ ਦਾ ਆਧਾਰ ਬਣਦੀ ਹੈ। ਅੱਜ ਦੇ ਪੰਜਾਬੀ ਸਭਿਆਚਾਰ ਵਿੱਚ ਮਾਨਵੀ ਸਬੰਧਾਂ ਦੀ ਬਣਤਰ ਤੇ ਆਰਥਿਕਤਾ ਭਾਰੂ ਹੋਣ ਕਾਰਨ ਸਾਰੇ ਰਿਸ਼ਤੇ ਗਰਜਾਂ ਅਤੇ ਸਵਾਰਥਾਂ ਤੇ ਆਧਾਰਿਤ ਬਣਦੇ ਜਾ ਰਹੇ ਹਨ।"ਸਮਾਜਿਕ ਨਿਰਭਰਤਾ ਵਿੱਚੋਂ ਸਮਾਜਿਕ ਰਿਸ਼ਤੇ ਪੈਦਾ ਹੁੰਦੇ ਹਨ। ਇਹ ਰਿਸ਼ਤੇ ਮਾਨਵੀ ਸੰਵੇਦਨਾਅਤੇ ਮੂਲ ਮਾਨਵੀ ਸਰੋਕਾਰਾਂ ਵਿਚੋਂ ਹੀ ਹੋਂਦ ਗ੍ਰਹਿਣ ਕਰਦੇ ਹਨ ਤੇ ਲਾਲਸਾ ਅਤੇ ਗਰਜ

ਅਧਾਰਿਤ ਸਰੋਕਾਰਾਂ ਵਿੱਚ ਵੀ ਪਛਾਣੇ ਜਾ ਸਕਦੇ ਹਨ। ਅਜੋਕੇ ਮਨੁੱਖ ਦੀ ਤ੍ਰਾਸਦੀ ਇਹ ਹੈ ਕਿ ਉਹ ਆਲੇਦੁਆਲੇ ਵਿੱਚ ਅਜਿਹੇ ਹੀ ਰਿਸ਼ਤੇ ਬੁਣਦਾ ਹੈ ਜਿਸ ਵਿਚੋਂ ਉਸਦੇ ਨਿੱਜੀ ਅਤੇ ਸੁਆਰਥੀ ਹਿੱਤ ਹੀ ਦ੍ਰਿਸ਼ਟੀਗੋਚਰ ਹੁੰਦੇ ਹਨ।''[5]

ਅੱਜ ਪੰਜਾਬੀ ਸਭਿਆਚਾਰ ਅਜੀਬ ਪ੍ਰਕਾਰ ਦੇ ਸੰਕਟ ਦੇ ਦੌਰ ਵਿੱਚੋਂ ਗੁਜਰ ਰਿਹਾ ਹੈ। ਰਾਜਨੀਤਕ, ਸਮਾਜਿਕ, ਆਰਥਿਕ, ਧਾਰਮਿਕ ਅਤੇ ਨੈਤਿਕ ਅਸਾਂਵੇਂਪਣ ਨੇ ਹਰ ਸ਼ਖਸ ਨੂੰ ਬੇਚੈਨ ਕੀਤਾ ਹੋਇਆ ਹੈ। ਅਜਿਹੇ ਦੌਰ ਵਿੱਚ ਉਸਾਰੂ ਕਦਰਾਂ-ਕੀਮਤਾਂ ਅਤੇ ਜੀਵਨ ਜਾਚ ਗੁਆਚ ਗਈ ਹੈ। ਸਿਆਸਤ ਵਿੱਚ ਨਿਘਾਰ ਆਉਣ ਨਾਲ ਪੰਜਾਬ ਦੇ ਆਗੂਆਂ ਦੀ ਫਿਤਰਤ ਆਪਸੀ ਖਹਿਬਾਜੀ ਅਤੇ ਤੋਹਮਤਬਾਜੀ ਵਾਲੀ ਹੋ ਗਈ ਹੈ। ਨੇਤਾਵਾਂ ਵਿੱਚ ਦੇਸ਼ ਭਗਤੀ ਘੱਟ ਅਤੇ ਮੌਕਾਪ੍ਰਸਤੀ ਵੱਧ ਹੈ।ਗੀਤ-ਸੰਗੀਤ ਕਿਸੇ ਵੀ ਸਭਿਆਚਾਰ ਦਾ ਇਕ ਅਨਿੱਖੜ ਅੰਗ ਹੁੰਦਾ ਹੈ ਅਤੇ ਹਰ ਪ੍ਰਕਾਰ ਦੀਆਂ ਸਮਾਜਿਕ ਕਦਰਾਂ-ਕੀਮਤਾਂ ਦਾ ਪ੍ਰਗਟਾਵਾ ਕਰਦਾ ਹੈ। ਸਮਾਜਿਕ ਕਾਰ-ਵਿਹਾਰ ਅਤੇ ਵਰਤਾਰੇ ਦੀ ਝਲਕ ਅਤੇ ਲੋਕ ਮਾਨਸਿਕਤਾ ਇਸ ਦੇ ਪ੍ਰਮੁੱਖ ਥੀਮ ਹੁੰਦੇ ਹਨ। ਪੰਜਾਬ ਦੇ ਲੋਕ ਸੰਗੀਤ ਦੀ ਆਪਣੀ ਇਕ ਵੱਖਰੀ ਪਛਾਣ ਹੈ ਕਿ ਇਸ ਦੀ ਸਮੁੱਚੇ ਭਾਰਤ ਨੂੰ ਵੱਡਮੁਲੀ ਦੇਣ ਹੈ ਪਰੰਤੂ ਅਫਸੋਸ ਕਿ ਅੱਜ ਪੰਜਾਬ ਦਾ ਇਹ ਗੀਤ-ਸੰਗੀਤ ਕਿਹੜੇ ਰਾਹ ਤੁਰ ਪਿਆ ਹੈ। ਪੈਸੇ ਕਮਾਉਣ ਦੀ ਹੋੜ ਵਿੱਚ ਕਲਾਕਾਰਾਂ ਦੁਆਰਾ ਅਸ਼ਲੀਲਤਾ ਪਰੋਸੀ ਜਾ ਰਹੀ ਹੈ। ਵਰਤਮਾਨ ਸਮੇਂ ਪੰਜਾਬ ਵਿੱਚ ਅਨੇਕਾਂ ਆਰਕੈਸਟਰਾਂ ਪਾਰਟੀਆਂ ਖੁੰਭਾਂ ਵਾਂਗ ਉਗ ਪਈਆਂ ਹਨ। ਪੋਪ ਸੰਗੀਤ ਨੇ ਪੰਜਾਬੀ ਸਭਿਆਚਾਰ ਦੀ ਪੇਸ਼ਕਾਰੀ ਨੂੰ ਸਭਿਆਚਾਰਕ ਲੀਹ ਤੋਂ ਲਾਕੇ ਪੱਛਮੀ ਰੰਗ ਵਿੱਚ ਰੰਗ ਦਿੱਤਾ ਹੈ। ਕੁਝ ਕੁ ਗਾਇਕ ਕੇਵਲ ਪਦਾਰਥਕ ਸੋਚ ਅਤੇ ਕੋਝੀ ਮਾਨਸਿਕਤਾ ਕਰਕੇ ਅਜਿਹੇ ਅਸ਼ਲੀਲ ਵੀਡੀਓ ਪੇਸ਼ ਕਰ ਰਹੇ ਹਨ ਕਿ ਇਨ੍ਹਾਂ ਨੂੰ ਪਰਿਵਾਰ ਵਿੱਚ ਬੈਠ ਕੇ ਦੇਖਣਾ ਮੁਸ਼ਕਿਲ ਹੋ ਜਾਂਦਾ ਹੈ। ਅਜਿਹੇ ਗਾਇਕਾਂ ਨੂੰ ਗੁਰਦਾਸ ਮਾਨ ਵਰਗੇ ਸੁਹਿਰਦ ਗੀਤਕਾਰਾਂ ਤੋਂ ਕੁਝ ਸਿੱਖਣਾ ਚਾਹੀਦਾ ਹੈ।''ਕਿਸੇ ਚੁੰਨੀ ਦੇ ਗੀਤ ਵਿੱਚ ਮਾਡਲ ਦੇ ਸਿਰ ਤੋਂ ਚੁਨੀ ਗਾਇਬ ਹੈ। ਗੁੱਤ ਵਾਲੇ ਗੀਤਵਿੱਚਸਿਰ ਤੇ ਗੁੱਤ ਨਹੀਂ ਅਤੇ ਘੱਗਰੇ ਵਾਲੇ ਗੀਤ ਵਿੱਚ ਮਾਡਲ ਕੋਲ ਘੱਗਰਾ ਨਹੀਂ ਹੁੰਦਾ।ਆਮ ਘਰਾਂ ਵਿੱਚ ਅਜਿਹੇ ਵੀਡੀਓ ਦੇਖ ਦਿਆਂ ਲੋਕਾਂ ਨੂੰ ਸ਼ਰਮਸਾਰ ਹੋਣਾ ਪੈਂਦਾਹੈ।''[6]

ਪੰਜਾਬੀ, ਪਦਾਰਥਕ ਸਭਿਆਚਾਰ, ਭੋਗ ਵਿਲਾਸ, ਮਿਹਨਤ ਮੁਸ਼ੱਕਤ, ਕੀਟਨਾਸ਼ਕਾਂ ਦੁਆਰਾ ਉਗਾਏ ਜਾਣ ਵਾਲੇ ਅੰਨ ਕਰਕੇ ਹੋਲੀ ਹੋਲੀ ਬਹੁਤ ਸਾਰੀਆਂ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬੀਆਂ ਦਾ ਰਹਿਣ-ਸਹਿਣ ਭਾਵੇਂ ਪੱਛਮੀ ਰੰਗ ਧਾਰਨ ਕਰਦਾ ਜਾ ਰਿਹਾ ਹੈ ਪਰੰਤੂ ਉਹ ਆਪਣੀ ਸਿਹਤ ਪ੍ਰਤੀ ਸਜਗ ਨਹੀਂ ਹੈ। ਜਮੀਨ ਜਾਇਦਾਦ ਵਾਲੇ ਵਿਹਲੇ ਰਹਿਣਾ ਪਸੰਦ ਕਰਦੇ ਹਨ, ਕਸਰਤ ਨਹੀਂ ਕਰਦੇ, ਵੱਖ ਵੱਖ ਤਰਾਂ ਦੇ ਨਸ਼ੇ ਕਰਦੇ ਹਨ, ਸ਼ਰਾਬ ਆਮ ਪੀਂਦੇ ਹਨ। ਮਿਹਨਤ ਮੁਸ਼ੱਕਤ ਵਾਲੀ ਸ਼੍ਰੇਣੀ ਢੁਕਵੀ-ਖੁਰਾਕ ਨਾਂ ਮਿਲਣ ਕਰਕੇ ਸਰੀਰ ਚਲਦਾ ਰੱਖਣ ਲਈ ਨਸ਼ਿਆਂ ਦਾ ਸਹਾਰਾ ਲੈਂਦੀ ਹੈ, ਉਸਦਾਸਰੀਰ ਖੋਖਲਾ ਹੋ ਰਿਹਾ ਹੈ। ਗੱਲ ਕੀ ਪੰਜਾਬੀ ਉਪਰੋਕਤ ਕਾਰਨਾਂ ਕਰਕੇ ਵੱਖ - ਵੱਖ ਬੀਮਾਰੀਆਂ ਜਿਵੇਂ ਸ਼ੂਗਰ, ਬਲੱਡ ਪ੍ਰੈਸ਼ਰ, ਕੈਂਸਰ, ਦਿਲ ਦੀਆਂ ਬੀਮਾਰੀਆਂ, ਜਿਗਰ ਅਤੇ ਗੁਰਦੇ ਦੇ ਰੋਗਾਂ ਤੋਂ ਪੀੜਿਤ

ਹੋ ਰਹੇ ਹਨ।''ਕਦੀ ਅਰੋਗਤਾ ਦੀ ਉਦਾਹਰਣ ਬਨਣ ਵਾਲਾ ਜੱਟ-ਕਿਸਾਨ ਅੱਜ ਰੋਗਾਂ ਵਿੱਚ ਘਿਰਗਿਆ ਹੈ। ਇਕ ਦੋ ਨਹੀਂ ਇਸ ਨੂੰਕਈ ਪ੍ਰਕਾਰ ਦੇ ਰੋਗ ਚੰਬੜ ਗਏ ਹਨ। ਅੱਜ ਇਹ ਸ਼ਹਿਰੀਆਂਨਾਲੋਂ ਵੀ ਵੱਧ ਡਾਰਟਰੀ ਸਹਾਇਤਾ ਉਪਰ ਨਿਰਭਰਜੀਵਨ ਜਿਉਂ ਰਿਹਾ ਹੈ।ਇਸ ਦਾ ਭੋਜਨ ਵੀ ਨਾਂ ਸ਼ੁੱਧ ਹੈ,ਨਾਂਸਤੁੰਲਿਤ ਅਤੇ ਜੇਕਰ ਇਹ ਸਮ੍ਰਿਧ ਹੈ ਤਾਂ ਸ਼ਰੀਰ ਨੂੰ ਬੋਝਲਬਨਾਉਣ ਵਾਲੇ ਤੱਤਾਂ 'ਚ।''[7]

ਪੰਜਾਬੀ ਸਭਿਆਚਾਰ ਦੀ ਮੂਲ ਚੂਲ ਕਹੀ ਜਾਣ ਵਾਲੀ ਵਿਆਹ ਰੂਪੀ ਸੰਸਥਾ ਜਿਹੜੀ ਇਸਤਰੀ ਮਰਦ ਦੇ ਪਵਿੱਤਰ ਬੰਧਨ ਦਾ ਪ੍ਰਤੀਕ ਹੈ ਦੀ ਨੁਹਾਰ ਵੀ ਬਦਲ ਗਈ ਹੈ। ਇਹ ਪਵਿਤਰ ਰਸਮ ਘਰ ਵਿਖੇ ਨਿਭਾਉਣਾ ਹੀ ਸ਼ੁਭ ਸ਼ਗਨ ਮੰਨਿਆ ਜਾਂਦਾ ਸੀ। ਪਰੰਤੂ ਅੱਜ ਹਰ ਸ਼ਹਿਰ, ਮੰਡੀ, ਕਸਬੇ ਅਤੇ ਪਿੰਡਾਂ ਦੇ ਬਾਹਰ ਸੜਕਾਂ ਕਿਨਾਰੇ ਮੈਰਿਜ ਪੈਲੇਸ ਅਤੇ ਰਿਜ਼ੋਰਟ ਨਜ਼ਰ ਆਉਂਦੇ ਹਨ। ਇਨ੍ਹਾਂ ਵਿੱਚ ਵਿਆਹ ਕਰਨ ਦੇ ਰੁਝਾਣ ਨੇ ਵਿਆਹਾਂ ਦਾ ਖਰਚਾ ਬਹੁਤ ਵਧਾ ਦਿੱਤਾ ਹੈ। ਮਾੜੀ ਵਿਤ ਵਾਲੇ ਸ਼ਹਿਰੀ ਅਤੇ ਪੇਂਡੂ ਚੰਗੀ ਵਿੱਤ ਵਾਲਿਆਂ ਦੀ ਦੇਖਾ ਦੇਖੀ ਕਰਜਾ ਚੁਕ ਕੇ ਵਿਆਹਾਂ ਤੇ ਖਰਚ ਕਰਨ ਲੱਗ ਪਏ ਹਨ। ਇਥੇ ਸ਼ਰਾਬਾਂ ਉਡਾਈਆਂ ਜਾਂਦੀਆਂ ਹਨ ਅਤੇ ਭੜਕਾਉ ਕਪੜਿਆਂ ਵਾਲੀਆਂ ਗੀਤ-ਸੰਗੀਤ ਪਾਰਟੀਆਂ ਤੇ ਪੈਸੇ ਲੁਟਾਏ ਜਾਂਦੇ ਹਨ। ਹੋਰ ਤਾਂ ਹੋਰ ਭੋਗ ਵਰਗੀ ਰਸਮ ਜੋ ਪਹਿਲਾਂ ਬਹੁਤ ਸਾਦਗੀ ਵਾਲੀ ਹੁੰਦੀ ਸੀ ਪਰੰਤੂ ਵਰਤਮਾਨ ਸਮੇਂ ਦਿਖਾਵਾ ਪ੍ਰਵਿਰਤੀ ਦੇ ਘੇਰੇ ਵਿੱਚ ਆ ਗਈ ਹੈ। ਅਜਿਹੇ ਮੌਕਿਆਂ 'ਤੇ ਅਤੇ ਧਾਰਮਿਕ ਸਮਾਗਮਾਂ ਤੇ ਧਨ ਬਰਬਾਦ ਕਰਨਾ ਆਮ ਪ੍ਰਚਲਨ ਹੋ ਗਿਆ ਹੈ। ਧਾਰਮਿਕ ਮੇਲਿਆਂ ਨੂੰ ਸਿਆਸੀ ਕਾਨਫਰੰਸਾਂ ਦੇ ਰੰਗ ਵਿੱਚ ਰੰਗਿਆ ਜਾ ਰਿਹਾ ਹੈ।ਸੰਚਾਰ ਮੀਡੀਆ ਨੇ ਪਦਾਰਥਕ ਸੋਚ ਅਧੀਨ ਇਸ਼ਤਿਹਾਰਬਾਜੀ ਰਾਹੀਂ ਪੰਜਾਬੀ ਸਭਿਆਚਾਰ ਦੀਆਂ ਕਦਰਾਂ - ਕੀਮਤਾਂ ਅਤੇ ਸਦਾਚਾਰਕ ਮੁੱਲਾਂ ਨੂੰ ਬਹੁਤ ਢਾਹ ਲਾਈ ਹੈ। ਤਰ੍ਹਾਂ-ਤਰ੍ਹਾਂ ਦੀਆਂ ਵਸਤੂਆਂ ਵੇਚਣ ਲਈ ਜੋ ਇਸ਼ਤਿਹਾਰ ਵਿਖਾਏ ਜਾਂਦੇ ਹਨ ਉਨ੍ਹਾਂ ਵਿੱਚ ਅਸ਼ਲੀਲਤਾ ਇਸ ਕਦਰ ਪਰੋਸੀ ਜਾਂਦੀ ਹੈ ਕਿ ਨੈਤਿਕਤਾ ਦੀਆਂ ਸਾਰੀਆਂ ਸੀਮਾਵਾਂ ਢਹਿ ਢੇਰੀ ਹੋ ਜਾਂਦੀਆਂ ਹਨ। ਅਖਬਾਰਾਂ ਵਿਚ ਫਿਲਮੀ ਕਲਾਕਾਰਾਂ ਅਤੇ ਮਾਡਲਾਂ ਦੇ ਅਜਿਹੇ ਚਿਤਰ ਛਾਪੇ ਜਾਂਦੇ ਹਨ ਕਿ ਬੁਧੀਜੀਵੀ ਅਤੇ ਚਿੰਤਕ ਸੋਚਣ ਲਈ ਮਜਬੂਰ ਹੋ ਜਾਂਦੇ ਹਨ ਕਿ ਆਖਰ ਇਹ ਮੀਡੀਆ ਪਾਠਕਾਂ ਨੂੰ ਕੀ ਸੰਦੇਸ਼ ਦੇਣਾ ਚਾਹੁੰਦਾ ਹੈ।

ਪੰਜਾਬੀ ਸਭਿਆਚਾਰ ਵਿੱਚ ਪਰਿਵਰਤਨ ਉੱਪਰ ਝਾਤ ਮਾਰਨ ਉਪਰੰਤ ਅਸੀ ਇਹ ਵੇਖਦੇ ਹਾਂ ਕਿ ਇਸ ਵਿੱਚ ਵੱਡੇ ਪੱਧਰ ਤੇ ਤਬਦੀਲੀਆਂ ਵਾਪਰ ਰਹੀਆਂ ਹਨ ਜਿਨ੍ਹਾਂ ਵਿੱਚ ਬਹੁਤੀਆਂ ਅਮੀਰ ਸਭਿਆਚਾਰ ਨੂੰ ਢਾਹ ਲਾ ਰਹੀਆਂ ਹਨ। ਅਸਲ ਵਿੱਚਪੰਜਾਬੀ ਸਭਿਆਚਾਰ, ਭਾਰਤ ਵਰਗੇ ਪ੍ਰਾਚੀਨ ਅਤੇ ਵਿਸ਼ਾਲ ਸਭਿਆਚਾਰ ਦਾ ਹੀ ਇਕ ਹਿੱਸਾ ਹੈ। ਇਸ ਕੋਲੋਂ ਸਾਡੇ ਪੰਜਾਬੀ ਸਭਿਆਚਾਰ ਨੇ ਬਹੁਤ ਕੁਝ ਪ੍ਰਾਪਤ ਕੀਤਾ ਹੈ। ਭਾਰਤੀ ਸਭਿਆਚਾਰ ਅਤੇ ਉਸਦੀਆਂ ਕਦਰਾਂ-ਕੀਮਤਾਂ ਵਿੱਚ ਪਾਈਆਂ ਜਾਣ ਵਾਲੀਆਂ ਖੂਬੀਆਂ ਅਤੇ ਤਰੁੱਟੀਆਂ ਪੰਜਾਬੀ ਸਭਿਆਚਾਰ ਵਿੱਚ ਵੀ ਪਾਈਆਂ ਜਾਂਦੀਆਂ ਹਨ। ਅੱਜ ਪੰਜਾਬੀ ਸਮਾਜ ਅਤੇ ਸਭਿਆਚਾਰ ਦੀ ਹਾਲਤ ਦੇਖਦੇ ਹੋਏ ਲੋੜ ਹੈ ਹਰ ਪੰਜਾਬੀ ਨੂੰ ਕਿ ਆਪਣਾ ਵਿਵੇਕ ਅਤੇ ਆਪਣਾ ਜਮੀਰ ਜਗਾਵੇ। ਮਨੁੱਖ ਇਕ ਮਾਤਰ ਅਜਿਹਾ ਪ੍ਰਾਣੀ ਹੈ ਜਿਸ ਕੋਲ ਸੋਚ ਅਤੇ ਵਿਵੇਕ ਹੈ। ਉਹ ਆਪਣੇ

ਨਾਲ ਹੋ ਰਹੇ ਧੱਕੇ ਅਤੇ ਬੁਰਾਈ ਪ੍ਰਤੀ ਸਭ ਜਾਣਦਾ ਹੈ। ਉਸਨੂੰ ਚਾਹੀਦਾ ਹੈ ਕਿ ਆਪਣੇ ਗਿਆਨ ਦੀ ਵਰਤੋਂ ਆਪਣੇ ਆਲੇ ਦੁਆਲੇ ਦੇ ਸੁਧਾਰ ਲਈ ਕਰੇ। ਮਨੁੱਖ ਸ਼੍ਰਿਸ਼ਟੀ ਦਾ ਸਿਰਮੌਰ ਪ੍ਰਾਣੀ ਹੈ। ਉਹ ਸਮਾਜ ਅਤੇ ਸਭਿਆਚਾਰ ਦਾ ਰਾਜਾ ਹੈ, ਸਮੇਂ ਦੇ ਰਚਨਾਤਮਕ ਪਰਿਵਰਤਨਾਂ ਨਾਲ ਚੱਲਣਾ ਸਮੇਂ ਦੀ ਲੋੜ ਹੁੰਦੀ ਹੈ। ਪਰੰਤੂ ਸਮੇਂ ਦੇ ਗਲਤ ਪ੍ਰਚਲਣ ਰੋਕਣਾ ਅਤੇ ਪ੍ਰਲੋਭਨ ਵਿੱਚ ਨਾਂ ਆਉਣਾ ਹਰ ਮਨੁੱਖ ਦਾ ਪਹਿਲਾ ਫਰਜ਼ ਹੈ। ਲੋੜ ਹੈ ਕਿ ਅੱਜ ਸਾਹਿਤਕਾਰ, ਬੁੱਧੀਜੀਵੀ, ਕਲਾਕਾਰ ਅਤੇ ਨੌਜਵਾਨ ਪੀੜ੍ਹੀ ਇਕ ਜੁੱਟ ਹੋਕੇ ਅਮੀਰ ਪੰਜਾਬੀ ਵਿਰਸੇ ਨੂੰ ਸੰਭਾਲਣ ਅਤੇ ਮਾੜੇ ਪੰਜਾਬੀ ਸਭਿਆਚਾਰ ਦੇ ਪ੍ਰਚਲਣ ਵਿਰੁਧ ਲਾਮਵੰਦ ਹੋਕੇ ਵੱਡੇ ਪੱਧਰ ਤੇ ਸਜਗ ਕੋਸ਼ਿਸਾ ਕਰੇ,ਮਨੁੱਖ ਆਪਣੀਆਂ ਸ਼ਕਤੀਆਂ ਨੂੰ ਪਹਿਚਾਣੇ ਅਤੇ ਅਮੀਰ ਸਭਿਆਚਾਰ ਦੇ ਨਿਰਮਾਣ ਵੱਲ ਅਗਰਸਰ ਹੋਣ ਦਾ ਪ੍ਰਯਤਨ ਕਰੇ।

## ਹਵਾਲੇ ਅਤੇ ਟਿੱਪਣੀਆਂ


1. ਡਾ. ਜਸਬੀਰ ਸਿੰਘ — ਰਾਮ ਸਰੂਪ ਅਣਖੀ ਦੇ ਨਾਵਲਾਂ ਦਾ ਸਭਿਆਚਾਰਕ ਅਧਿਐਨ — 11
2. ਪ੍ਰਭਜੋਤ ਕੌਰ — ਪੰਜਾਬੀ ਨਾਵਲ ਯਥਾਰਥ — 22
3. ਦਵਿੰਦਰ ਸਿੰਘ — ਕੁਰੂਕਸ਼ੇਤਰਤਾ ਯੂਨੀਵਰਸਿਟੀ ਰਿਸਰਚ ਜਨਰਲ - 2009 — 393
4. ਡਾ ਬਲਜੀਤ ਕੌਰ ਸੇਖੋਂ — ਪੰਜਾਬੀ ਸਭਿਆਚਾਰ ਤੇ ਦਿਖਾਵੇਬਾਜੀ, ਸਭਿਆਚਾਰ ਪਤ੍ਰਿਕਾ ਲੋਕਧਾਰਾ ਅਤੇ ਪੰਜਾਬੀ ਸਮਾਜ ਵਿਸ਼ੇਸ ਅੰਕ 2014 — 22
5. ਜਗਦੀਪ ਸਿੰਘ — ਬਰਤਾਨਵੀ ਪੰਜਾਬੀ ਨਾਵਲ, — 28
6. ਡਾ. ਧਨਵੰਤ ਕੌਰ (ਸੰਪਾ:) — ਰਿਸ਼ਤਿਆਂ ਦੇ ਬਦਲਦੇ ਸਰੂਪ — 61
7. ਜਸਵਿੰਦਰ ਕੌਰ ਮਾਂਗਟ — ਸਮਕਾਲੀ ਪੰਜਾਬੀ ਸਮਾਜ — 76


(ਗਿਆਨ, ਵਿਗਿਆਨ ਭਾਸ਼ਾ ਅਤੇ ਸਾਹਿਤ ਦੇ ਹਵਾਲੇ ਨਾਲ)